# 24
# ਦੁਬਾਰਾ ਆਉਣ ’ਤੇ ਯਿਸੂ ਕੀ ਨਹੀਂ ਕਰੇਗਾ

ਮਸੀਹ ਦੀ ਦੂਜੀ ਆਮਦ ਲਈ ਨਵੇਂ ਨੇਮ ਵਿਚ ਸਾਨੂੰ ਮਸੀਹ, ਫ਼ਰਿਸ਼ਤਿਆਂ ਅਤੇ ਪਵਿੱਤਰ ਆਤਮਾ ਦੀ ਗਵਾਹੀ ਮਿਲਦੀ ਹੈ (ਯੂਹੰਨਾ 14:3; ਰਸੂਲਾਂ ਦੇ ਕੰਮ 1:11; ਇਬਰਾਨੀਆਂ 9:28) ਅਤੇ ਮਸੀਹ ਦੀ ਦੂਜੀ ਆਮਦ ਬਾਰੇ ਕਾਫ਼ੀ ਕਿਆਫ਼ੇ ਲਾਏ ਜਾਂਦੇ ਹਨ। ਇਸ ਕਰਕੇ ਅਸੀਂ ਇਸ ਸਵਾਲ ’ਤੇ ਨਕਾਰਾਤਮਕ ਅਧਿਐਨ ਕਰਾਂਗੇ ਭਾਵ ਅਸੀਂ ਉਨ੍ਹਾਂ ਕੁਝ ਗੱਲਾਂ ’ਤੇ ਧਿਆਨ ਦੇਵਾਂਗੇ ਜਿਹੜੀਆਂ ਯਿਸੂ ਦੇ ਆਉਣ ਸਮੇਂ ਨਹੀਂ ਹੋਣਗੀਆਂ।

## ਉਹ ਧਰਤੀ ’ਤੇ ਆਪਣਾ ਰਾਜ ਕਾਇਮ ਨਹੀਂ ਕਰੇਗਾ

ਯਿਸੂ ਨੂੰ ਗੱਦੀ ’ਤੇ ਬਿਠਾਉਣ ਲਈ ਉੱਪਰ ਉਠਾ ਲਿਆ ਗਿਆ ਸੀ (ਰਸੂਲਾਂ ਦੇ ਕੰਮ 2:30, 31) ਜਿੱਥੋਂ ਹੁਣ ਉਹ ਰਾਜ ਕਰ ਰਿਹਾ ਹੈ (ਇਬਰਾਨੀਆਂ 1:3; ਅਫ਼ਸੀਆਂ 1:20)। ਉਹ ਰਾਜ ਕਰਨ ਦੇ ਆਪਣੇ ਅਖ਼ਤਿਆਰਾਂ ਦੀ ਵਰਤੋਂ ਕਰ ਰਿਹਾ ਹੈ।

ਯੂਹੰਨਾ ਬਪਤਿਸਮਾ ਦੇਣ ਵਾਲੇ ਦਾ ਪ੍ਰਚਾਰ ਸੀ ਕਿ ਰਾਜ “ਨੇੜੇ” ਹੈ (ਮਰਕੁਸ 1:15)। ਯਿਸੂ ਨੇ ਸੱਤਰ ਚੇਲਿਆਂ ਨੂੰ ਇਹ ਪ੍ਰਚਾਰ ਕਰਨ ਲਈ ਕਿਹਾ ਸੀ ਕਿ “ਪ੍ਰਮੇਸ਼ਵਰ ਦਾ ਰਾਜ ਤੁਹਾਡੇ ਨੇੜੇ ਆ ਗਿਆ ਹੈ” (ਲੂਕਾ 10:9)। ਉਹਨੇ ਚੇਲਿਆਂ ਨੂੰ ਰਾਜ ਦੇ ਆਉਣ ਲਈ ਦੁਆ ਕਰਨੀ ਸਿਖਾਈ ਸੀ (ਮੱਤੀ 6:10) ਅਤੇ ਉਨ੍ਹਾਂ ਨੂੰ ਦੱਸਿਆ ਕਿ ਉਨ੍ਹਾਂ ਵਿੱਚੋਂ ਕਈ ਉਦੋਂ ਤਕ ਮੌਤ ਦਾ ਸੁਆਦ ਨਹੀਂ ਚੱਖਣਗੇ ਜਦ ਤਕ ਇਹਨੂੰ ਸਮਰੱਥਾ ਨਾਲ ਆਉਂਦੇ ਹੋਏ ਨਾ ਵੇਖ ਲੈਣ (ਮਰਕੁਸ 9:1)। ਜੇ ਇਹ ਵਚਨ ਸਹੀ ਸਨ ਤਾਂ ਰਾਜ ਆ ਚੁੱਕਿਆ ਹੈ।

ਨਵੇਂ ਨੇਮ ਵਿਚ ਬਾਅਦ ’ਚ ਰਾਜ ਦੇ ਵਜੂਦ ਵਿਚ ਹੋਣ ਦੀ ਗੱਲ ਕਹੀ ਗਈ ਹੈ (ਕੁਲੁੱਸੀਆਂ 1:13; ਇਬਰਾਨੀਆਂ 12:28)। 1 ਕੁਰਿੰਥੀਆਂ 15 ਵਿਚ, ਦੂਜੀ ਆਮਦ ਦੀ ਗੱਲ ਕਰਨ ਦੇ ਬਾਅਦ ਪੌਲੁਸ ਨੇ ਕਿਹਾ, “ਉਹ ਦੇ ਮਗਰੋਂ ਅੰਤ ਹੈ। ਤਦ ਉਹ ਰਾਜ ਨੂੰ ਪ੍ਰਮੇਸ਼ਵਰ ਅਤੇ ਪਿਤਾ ਦੇ ਹੱਥ ਸੌਂਪ ਦੇਵੇਗਾ ...” (ਆਇਤ 24)। ਪੌਲੁਸ ਨੇ ਇਸੇ ਅਧਿਆਇ ਵਿਚ ਇਹ ਵੀ ਐਲਾਨ ਕੀਤਾ, “ਕਿਉਂਕਿ ਜਿੰਨਾ ਚਿਰ ਉਹ ਸਾਰੇ ਵੈਰੀਆਂ ਨੂੰ ਆਪਣੇ ਪੈਰਾਂ ਹੇਠ ਨਾ ਕਰ ਲਵੇ ਓਨਾ ਚਿਰ ਉਹਨੇ ਰਾਜ ਕਰਨਾ ਹੈ। ਛੇਕੜਲਾ ਵੈਰੀ ਜਿਹ ਦਾ ਨਾਸ ਹੋਣਾ ਹੈ ਸੋ ਮੌਤ ਹੈ” (ਆਇਤਾਂ 25, 26)।

ਫਿਰ ਅਸੀਂ ਵੇਖਦੇ ਹਾਂ ਕਿ ਮਸੀਹ ਰਾਜ ਨੂੰ ਕਾਇਮ ਕਰਨ ਲਈ ਨਹੀਂ ਆ ਰਿਹਾ ਹੈ। ਉਹਦਾ ਰਾਜ ਰਸੂਲਾਂ ਦੇ ਕੰਮ ਅਧਿਆਇ 2 ਵਿਚਲੇ ਪੈਂਟੀਕਾਸਟ ਵਾਲੇ ਦਿਨ ਤੋਂ ਹੋਂਦ ਵਿਚ ਹੈ। ਇਹ ਰਾਜ ਇਸ ਸੰਸਾਰ ਦਾ ਨਹੀਂ ਹੈ। ਇਹ ਰੂਹਾਨੀ ਰਾਜ ਹੈ ਅਤੇ ਮਸੀਹ ਉੱਪਰ ਸਵਰਗ ਵਿਚ ਆਪਣੀ ਗੱਦੀ ਤੋਂ ਇਸ 'ਤੇ ਰਾਜ ਕਰਦਾ ਹੈ।

## ਉਹ ਯਹੂਦੀਆਂ ਨੂੰ ਉੱਚਾ ਨਹੀਂ ਕਰੇਗਾ

ਬਹੁਤ ਸਾਰੇ ਲੋਕਾਂ ਦੇ ਵਿਸ਼ਵਾਸ ਦੇ ਉਲਟ, ਯਿਸੂ ਯਹੂਦੀਆਂ 'ਤੇ ਖ਼ਾਸ ਕਿਰਪਾ ਕਰਨ ਨਹੀਂ ਆ ਰਿਹਾ ਹੈ। ਤੁਸੀਂ ਪੁੱਛ ਸਕਦੇ ਹੋ, ''ਭਲਾ ਬਾਈਬਲ ਵਿਚ ਕੁਝ ਆਇਤਾਂ ਨਹੀਂ ਹਨ ਜਿਨ੍ਹਾਂ ਵਿਚ ਨਬੂਵਤ ਕੀਤੀ ਗਈ ਹੈ ਕਿ ਇਸਰਾਏਲ ਕੌਮ ਧਰਤੀ ਨੂੰ ਵੱਸ ਵਿਚ ਕਰ ਲਏਗੀ।''ਜਵਾਬ ਹੈ, ''ਹਾਂ।''ਪਰ ਉਹ ਨਬੂਵਤਾਂ ਤਾਂ ਉਦੋਂ ਪੂਰੀਆਂ ਹੋ ਗਈਆਂ ਸਨ ਜਦ ਇਸਰਾਏਲੀਆਂ ਨੇ ਵਾਅਦਾ ਕੀਤੇ ਹੋਏ ਦੇਸ਼ 'ਤੇ ਕਬਜ਼ਾ ਕਰ ਲਿਆ ਸੀ। ਖ਼ੁਦਾ ਨੇ ਉਨ੍ਹਾਂ ਨੂੰ ਉਹ ਦੇਸ਼ ਦੇ ਦਿੱਤਾ ਸੀ ਜਿਹਨੂੰ ਦੇਣ ਦਾ ਉਹਨੇ ਵਾਅਦਾ ਕੀਤਾ ਸੀ। ਇਹ ਸੱਚਾਈ ਨਹਮਯਾਹ 9:8 ਅਤੇ ਯਹੋਸ਼ੁਆ 21:43-45 ਵਿਚ ਐਲਾਨੀ ਗਈ ਹੈ। ''ਸਾਰੇ ਪੂਰੇ ਹੋਏ''(ਯਹੋਸ਼ੁਆ 21:45)। ਇਹਦਾ ਮਤਲਬ ਹੈ ਕਿ ਇਨ੍ਹਾਂ ਐਲਾਨਾਂ ਵਿਚ ਵਾਪਸ ਜਾ ਕੇ, ਦੇਸ਼ ਦੇ ਵਾਅਦਿਆਂ ਦਾ ਹਵਾਲਾ ਦੇਣਾ ਅਤੇ ਦਾਅਵਾ ਕਰਨਾ ਕਿ ਉਹ ਅਜੇ ਪੂਰੇ ਨਹੀਂ ਹੋਏ, ਲਿਖਤ ਦੀ ਗ਼ਲਤ ਵਰਤੋਂ ਦੀ ਗੰਭੀਰ ਗ਼ਲਤੀ ਹੈ।

ਫਿਰ ਤੁਸੀਂ ਪੁੱਛ ਸਕਦੇ ਹੋ, ''ਭਲਾ ਇਨ੍ਹਾਂ ਵਿਚ ਇਸਰਾਏਲ ਦੇਸ਼ ਦੇ ਬਹਾਲ ਹੋ ਜਾਣ ਦੀਆਂ ਨਬੂਵਤਾਂ ਨਹੀਂ ਹਨ?''ਜਵਾਬ ਫੇਰ ਉਹੀ ਹੈ, ''ਹਾਂ।''ਇਸ ਤਰ੍ਹਾਂ ਦੀ ਹਰ ਨਬੂਵਤ ਬਾਬੁਲ ਦੀ ਗ਼ੁਲਾਮੀ, ਕੈਦੀ ਬਣਾ ਕੇ ਲਿਜਾਏ ਜਾਣ ਸਮੇਂ ਜਾਂ ਇਸਰਾਏਲੀਆਂ ਦੇ ਆਪਣੇ ਦੇਸ਼ ਵਾਪਸ ਜਾਣ ਤੋਂ ਪਹਿਲਾਂ ਕੀਤੀਆਂ ਗਈਆਂ ਸਨ। ਸਭ ਦੀਆਂ ਸਭ ਨਬੂਵਤਾਂ ਪੂਰੀਆਂ ਹੋ ਗਈਆਂ ਸਨ, ਜਦ ਕੋਰਸ ਨੇ ਇਸਰਾਏਲੀਆਂ ਨੂੰ ਛੱਡਣ ਦਾ ਫ਼ਰਮਾਨ ਜਾਰੀ ਕੀਤਾ ਸੀ (2 ਇਤਿਹਾਸ 36:23) ਅਤੇ ਜਦੋਂ ਉਹ ਜ਼ਰੁਬਾਬੇਲ, ਅਜ਼ਰਾ ਅਤੇ ਨਹਮਯਾਹ ਦੀ ਰਹਿਨੁਮਾਈ ਵਿਚ ਵਾਪਸ ਆ ਗਏ ਸਨ। ਇੰਜ ਬਹਾਲੀ ਦੇ ਵਾਅਦਿਆਂ ਨੂੰ ਦੁਹਰਾਉਣ ਅਤੇ ਉਨ੍ਹਾਂ ਨੂੰ ਭਵਿੱਖ ਲਈ ਲਾਗੂ ਕਰਨਾ ਪਵਿੱਤਰ ਲਿਖਤ ਦੀ ਗ਼ਲਤ ਵਰਤੋਂ ਹੈ।

ਗ੍ਰੇਟ ਕਮਿਸ਼ਨ ਭਾਵ ਪ੍ਰਭੂ ਯਿਸੂ ਦੀ ਮਹਾਨ ਆਗਿਆ ਵਿਚ ਸਭ ਕੌਮਾਂ ਨੂੰ ਸ਼ਾਮਿਲ ਕੀਤਾ ਗਿਆ ਹੈ (ਮੱਤੀ 28:19)। ਜੇ ਯਹੂਦੀ ਬਚਾਏ ਜਾਂਦੇ ਹਨ ਤਾਂ ਉਹ ਮੁਕਤੀ ਦੀਆਂ ਖ਼ੁਦਾ ਦੀਆਂ ਯੋਜਨਾਵਾਂ ਮੁਤਾਬਕ ਹੀ ਹੋਵੇਗੀ। ਅੱਜ ਖ਼ੁਦਾ ਕੋਈ ਪੱਖਪਾਤ ਨਹੀਂ ਕਰਦਾ (ਰਸੂਲਾਂ ਦੇ ਕੰਮ 10:34, 35; ਅਫ਼ਸੀਆਂ 2:14-16); ਮੁਕਤੀ ਲਈ ਗਿਣਤੀ ਪੂਰੀ ਨਹੀਂ ਕੀਤੀ ਜਾਂਦੀ (ਗਲਾਤੀਆਂ 3:26-29; ਰੋਮੀਆਂ 2:28, 29; ਗਲਾਤੀਆਂ 5:6; ਫ਼ਿਲਿੱਪੀਆਂ 3:3)। ਮਸੀਹੀ ਲੋਕ ਖ਼ੁਦਾ ਦਾ ਇਸਰਾਏਲ ਹਨ।

## ਉਹ ਬਚਾਏ ਜਾਣ ਦਾ ਇਕ ਹੋਰ ਮੌਕਾ ਦੇਣ ਨਹੀਂ ਆਏਗਾ

ਮਸੀਹ ਤਾੜਨ, ਖ਼ਬਰਦਾਰ ਕਰਨ ਅਤੇ ਬਚਾਉਣ ਨਹੀਂ ਆ ਰਿਹਾ ਹੈ। ਖ਼ਬਰਦਾਰ ਕਰਨ ਅਤੇ ਬਚਾਉਣ ਲਈ ਉਹ ਪਹਿਲਾਂ ਹੀ ਆ ਚੁੱਕਾ ਹੈ। ਖ਼ੁਦਾ ਨੇ ਸਾਡੇ ਨਾਲ ''ਇਨ੍ਹਾਂ ਅੰਤ ਦਿਨਾਂ ਦੇ ਵਿਚ''(ਇਬਰਾਨੀਆਂ 1:2) ਆਪਣੇ ਪੁੱਤਰ ਦੇ ਰਾਹੀਂ ਗੱਲ ਕੀਤੀ ਹੈ। ''ਅੰਤ ਦੇ

ਦਿਨ''ਮਸੀਹੀ ਯੁਗ ਨੂੰ ਦਰਸਾਉਣ ਦਾ ਇਕ ਇਜ਼ਹਾਰ ਹੈ। ਪੈਂਟੀਕਾਸਟ ਵਾਲੇ ਦਿਨ ਪਤਰਸ ਨੇ ਵਚਨ ਸੁਣਾਉਂਦਿਆਂ ਆਪਣੇ ਸੁਣਨ ਵਾਲਿਆਂ ਨੂੰ ਸਮਝਾਇਆ ਸੀ ਕਿ ਉਹ ''ਅੰਤ ਦੇ ਦਿਨਾਂ ਵਿਚ'' (ਰਸੂਲਾਂ ਦੇ ਕੰਮ 2:16, 17) ਰਹਿ ਰਹੇ ਸਨ। ਨਵੇਂ ਨੇਮ ਵਿਚ ''ਅੰਤ ਦੇ ਦਿਨਾਂ ਵਿਚ''ਦੀ ਇਸ ਗੱਲ ਦਾ ਦੁਨੀਆ ਦੇ ਅਖ਼ੀਰ ਨਾਲ ਕੋਈ ਸਬੰਧ ਨਹੀਂ ਹੈ; ਇਸ ਤੋਂ ਤਾਂ ਸਿਰਫ਼ ਸਮੇਂ ਦੇ ਆਖ਼ਰੀ ਯੁਗ ਦਾ ਸੰਕੇਤ ਮਿਲਦਾ ਹੈ। ਇਸ ਲਈ, ਯਿਸੂ ਖ਼ਬਰਦਾਰ ਕਰਨ ਲਈ ਦੁਬਾਰਾ ਨਹੀਂ ਆਏਗਾ, ਉਹ ਤਾਂ ''ਅੰਤ ਦੇ ਦਿਨਾਂ ਵਿਚ''ਦੇ ਯੁਗ ਨੂੰ ਖ਼ਤਮ ਕਰਨ ਲਈ ਆਏਗਾ, ਜਦ ਸਭ ਕੌਮਾਂ ਨਿਆਂ ਲਈ ਉਹਦੇ ਅੱਗੇ ਪੇਸ਼ ਕੀਤੀਆਂ ਜਾਣਗੀਆਂ।

## ਸਾਰ

ਜਦ ਮਸੀਹ ਦੁਬਾਰਾ ਆਏਗਾ, ਤਾਂ ਮੁਕਤੀ ਲਈ ਮੌਕਾ ਨਹੀਂ ਹੋਵੇਗਾ। ਉਨ੍ਹਾਂ ਲੋਕਾਂ ਲਈ ਜਿਹੜੇ ਤਿਆਰ ਨਹੀਂ ਹੋਣਗੇ ਮਸੀਹ ਮੁਕਤੀ ਦਾ ਕੋਈ ਮੌਕਾ ਨਹੀਂ ਦੇਵੇਗਾ।

ਕੀ ਤੁਸੀਂ ਉਹਦੇ ਵਾਪਸ ਆਉਣ ਲਈ ਤਿਆਰ ਹੋ? ਇਸ ਤੋਂ ਪਹਿਲਾਂ ਕਿ ਬਹੁਤ ਦੇਰ ਹੋ ਜਾਏ ਮੁਕਤੀ ਦੀ ਉਹਦੀ ਪੇਸ਼ਕਸ਼ ਨੂੰ ਮੰਨ ਲਓ।